ApplicationFileNo .

## ਮਨਜ਼ੂਰੀ ਪੱਤਰ

ਪਿਆਰੇ ਗਾਹਕ /ਮੈਂਬਰ,

ਲੋਨ ਲਈ ਦਿੱਤੀ ਤੁਹਾਡੀ ਅਰਜ਼ੀ ਦੇ ਸੰਦਰਭ ਨਾਲ, ਅਸੀਂ ਲੋਨ ਦੀ ਮਨਜ਼ੂਰੀ ਦੇ ਕੇ ਖੁਸ਼ ਹਾਂ ਜਿਸਦੇ ਵੇਰਵੇ, ਹੇਠਾਂ ਦਿੱਤੇ ਗਏ ਹਨ, ਹੇਠ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਅਧੀਨ ਹਨ:

1. ਲੋਨ ਨਿਰਧਾਰਿਤ ਵਿਆਜ ਦਰ ਦੇ ਅਧੀਨ ਹੋਵੇਗਾ ਅਤੇ ਨਿਰਧਾਰਿਤ ਵਿਆਜ ਦਰ ਨੂੰ ਮਿਆਦ ਦੀ ਸਮਾਪਤੀ ਜਾਂ ਲੋਨ ਦੇ ਬੰਦ ਹੋਣ ਤੱਕ, ਜੋ ਵੀ ਬਾਅਦ ਵਿੱਚ ਹੋਵੇ, ਨਹੀਂ ਬਦਲਿਆ ਜਾਵੇਗਾ।
2. ਕ੍ਰੈਡਿਟ ਸ਼ੀਲਡ ਇੰਸ਼ੋਰੈਂਸ ਸਮੇਤ ਪ੍ਰੋਸੈਸਿੰਗ ਫ਼ੀਸ ਅਤੇ ਇੰਸ਼ੋਰੈਂਸ ਪ੍ਰੀਮੀਅਮ ਦੀ ਕਟੌਤੀ ਵੰਡ ਦੇ ਸਮੇਂ ਲੋਨ ਦੀ ਰਕਮ ਵਿੱਚੋਂ ਕੀਤੀ ਜਾਵੇਗੀ।
3. ਐਪਲੀਕੇਸ਼ਨ ਦੇਣ ਸਮੇਂ ਤੁਹਾਡੇ ਦੁਆਰਾ ਪ੍ਰਦਾਨ ਕੀਤੇ ਗਏ ਬੈਂਕ ਖਾਤੇ ਵਿੱਚ ਲੋਨ ਦੀ ਰਕਮ ਜਮ੍ਹਾਂ ਹੋ ਜਾਵੇਗੀ। ਬੈਂਕ ਦੁਆਰਾ ਤੁਹਾਡੇ ਖਾਤੇ ਵਿੱਚ ਰਾਸ਼ੀ ਦੇ ਟ੍ਰਾਂਸਫ਼ਰ ਕਰਨ ਦਾ ਸਬੂਤ ਵੰਡ ਦਾ ਵੈਧ ਸਬੂਤ ਹੋਵੇਗਾ।
4. ਐਪਲੀਕੇਸ਼ਨ ਵਿੱਚ ਦਰਸਾਏ ਗਏ ਉਦੇਸ਼ 'ਤੇ ਤੁਹਾਨੂੰ ਲੋਨ ਦੀ ਰਕਮ ਦਾ ਘੱਟੋ-ਘੱਟ 50% ਖਰਚ ਕਰਨਾ ਚਾਹੀਦਾ ਹੈ। ਤੁਹਾਡੇ ਦੁਆਰਾ ਇਸ ਸ਼ਰਤ ਦਾ ਉਲੰਘਣ ਕਰਨ 'ਤੇ ਬੈਂਕ ਕੋਲ ਪੂਰਾ ਦਿੱਤਾ ਲੋਨ ਵਾਪਸ ਲੈਣ ਦਾ ਅਧਿਕਾਰ ਹੈ।
5. ਇਸ ਲੋਨ ਲਈ ਕੋਈ ਜੁਰਮਾਨਾ ਵਿਆਜ ਜਾਂ ਪੂਰਵ-ਬੰਦ ਖਰਚੇ ਨਹੀਂ ਹਨ।
6. ਇਸ ਲੋਨ ਲਈ ਕਿਸੇ ਅਨੁਸੰਗੀ ਦੀ ਲੋੜ ਨਹੀਂ ਹੈ।
7. ਇਹ ਇੱਕ ਸੰਯੁਕਤ ਜ਼ਿੰਮੇਵਾਰੀ ਗਰੁੱਪ ਲੋਨ ਹੈ, ਜੇ ਗਰੁੱਪ ਦੇ ਅੰਦਰ-ਅੰਦਰ, ਕਿਸੇ ਮੈਂਬਰ ਵੱਲੋਂ ਭੁਗਤਾਨ ਬਾਕੀ ਹੈ, ਤਾਂ ਤੁਸੀਂ ਉਨ੍ਹਾਂ ਮੈਂਬਰਾਂ ਵੱਲੋਂ ਭੁਗਤਾਨ ਦੀ ਮੁੜ ਅਦਾਇਗੀ ਲਈ ਸੰਯੁਕਤ ਰੂਪ ਵਿੱਚ ਜ਼ਿੰਮੇਵਾਰ ਹੋ।
8. ਤੁਸੀਂ ਨਿਯਤ ਕੀਤੇ ਅਨੁਸਾਰ ਕੇਂਦਰ ਦੀਆਂ ਮੀਟਿੰਗਾਂ ਵਿੱਚ ਹਿੱਸਾ ਲਵੋਂਗੇ।
9. ਕਿਸ਼ਤ ਦੀ ਰਕਮ ਦਾ ਕੇਂਦਰ ਦੀਆਂ ਮੀਟਿੰਗਾਂ ਦੌਰਾਨ ਕੇਂਦਰ ਵਿੱਚ ਹੀ ਭੁਗਤਾਨ ਕੀਤਾ ਜਾਵੇਗਾ। ਭੁਗਤਾਨ ਸਮੇਂ ਤੁਹਾਨੂੰ ਲੋਨ ਦੀ ਪਾਸਬੁੱਕ ਲਾਜ਼ਮੀ ਤੌਰ 'ਤੇ ਦਿਖਾਣੀ ਪਵੇਗੀ। ਕੇਂਦਰ ਵਿੱਚ ਰੱਖਿਆ ਭੁਗਤਾਨ ਰਸੀਦ ਰਜਿਸਟਰ ਅਤੇ/ਜਾਂ ਤੁਹਾਡੀ ਲੋਨ ਪਾਸਬੁੱਕ ਵਿੱਚ ਬੈਂਕ ਦੇ ਅਧਿਕਾਰੀ ਦੁਆਰਾ ਦਿੱਤੀ ਗਈ ਸਹਿਮਤੀ ਤੁਹਾਡੇ ਦੁਆਰਾ ਕੀਤੇ ਗਏ ਭੁਗਤਾਨ ਦਾ ਇੱਕ ਵੈਧ ਸਬੂਤ ਹੋਵੇਗਾ।
10. ਜੇ ਤੁਸੀਂ ਲੋਨ ਨੂੰ ਬੰਦ ਕਰਨਾ ਜਾਂ ਇਸਦਾ ਨਿਪਟਾਰਾ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਬੈਂਕ ਦੀ ਵੈਧ ਅਧਿਕਾਰਤ ਰਸੀਦ ਦੇ ਵਿਰੁੱਧ ਸ਼ਾਖਾ ਵਿੱਚ ਅਜਿਹਾ ਕਰਰਨ ਦੀ ਇਜਾਜ਼ਤ ਹੈ। ਬੈਂਕ ਦੀ ਵੈਧ ਅਧਿਕਾਰਤ ਰਸੀਦ ਤੋਂ ਬਗੈਰ ਕੀਤੇ ਗਏ ਭੁਗਤਾਨ ਨੂੰ, ਲੋਨ ਦੇ ਅਧੀਨ ਕੀਤਾ ਗਿਆ ਭੁਗਤਾਨ ਨਹੀਂ ਮੰਨਿਆ ਜਾਵੇਗਾ। ਬੈਂਕ ਦੀ ਵੈਧ ਅਧਿਕਾਰਤ ਰਸੀਦ ਤੋਂ ਬਿਨਾਂ ਅਤੇ ਸ਼ਾਖਾ ਤੋਂ ਬਾਹਰ ਕੀਤੇ ਗਏ ਭੁਗਤਾਨਾਂ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।
11. ਬੈਂਕ ਆਪਣੀ ਮਰਜ਼ੀ ਨਾਲ, ਕਾਰਨ ਦੱਸਕੇ ਜਾਂ ਬਿਨਾਂ ਦੱਸੇ, ਮਨਜ਼ੂਰੀ ਰੱਦ ਕਰ ਸਕਦਾ ਹੈ।
12. ਕਰੈਡਟਿ ਸੰਬੰਧੀ ਫ਼ੈਸਲੇ ਬੈਂਕਦੇ ਏਕਾਧਕਿਾਰ ਅਧੀਨ ਆਉਂਦੇ ਹਨ
13. ਇਹ ਮਨਜ਼ੂਰੀ ਉੱਪਰ ਦਰਸਾਈ ਗਈ ਮਿਤੀ ਤੋਂ 30 ਦਿਨਾਂ ਤੱਕ ਮੰਨਣਯੋਗ ਰਹੇਗੀ ਅਤੇ ਤੁਹਾਡੀ ਵਿਸ਼ੇਸ਼ ਬੇਨਤੀ 'ਤੇ, ਬੈਂਕ ਆਪਣੀ ਮਰਜ਼ੀ ਅਨੁਸਾਰ, ਇਸ ਵਿੱਚ ਵਾਧਾ ਕਰ ਸਕਦਾ ਹੈ।
14. ਤੁਹਾਡੇ ਦੁਆਰਾ ਕੀਤੇ ਗਏ ਹਸਤਾਖਰ ਜਾਂ ਦਿੱਤੇ ਗਏ ਅੰਗੂਠੇ ਦੇ ਨਿਸ਼ਾਨ ਨੂੰ ਬੈਂਕ ਦੁਆਰਾ ਨਾਮ ਘੋਸ਼ਣਾ ਦੇ ਉਦੇਸ਼ ਦੀ ਪਾਲਣਾ ਕਰਨ, ਜਿਵੇਂ ਕਿ ਕਿਸੇ ਅਧਿਕਾਰੀ ਜਾਂ ਏਜੰਸੀ, ਫ਼ਾਰਮ 60, ਐਫਏਟੀਸੀਏ ਘੋਸ਼ਣਾ ਆਦਿ ਨੂੰ ਸਮੇਂ-ਸਮੇਂ 'ਤੇ ਲਾਗੂ ਕਰਨ ਲਈ ਲੋੜੀਂਦੇ, ਲਈ ਡਿਜੀਟਲ ਰੂਪ ਵਿੱਚ ਬਦਲਿਆ ਜਾਵੇਗਾ।

ਮਿਤੀ:

ਬੀਐਮ/ਏਬੀਐਮ ਹਸਤਾਖਰ



Equitas Small Finance Bank Limited
No.769, Spencer Plaza, 4th Floor, Phase II, Anna Salai, Chennai-600 002 Tel:044-42995000, Fax: 044 42995050
Toll Free:1800 3000 3030 CIN No.U65191TN1993PLC025280

ApplicationFileNo :

ਤੁਹਾਡੇ ਕੋਲ ਲੋਨ ਲਈ ਮੇਰੀ/ਸਾਡੀ ਵਿਅਕਤੀਗਤ ਅਰਜ਼ੀ/ਅਰਜ਼ੀਆਂ ਦੇ ਸੰਦਰਭ ਨਾਲ, ਇਕੁਇਟੀਸ ਸਮਾਲ ਫਾਇਨੈਂਸ ਬੈਂਕ ਲਿਮਟਿਡ, ਮੈਂ/ਅਸੀਂ ਉਪਰੋਕਤ ਮਨਜ਼ੂਰੀ ਦੀਆਂ ਸ਼ਰਤਾਂ ਵਿੱਚ ਦਰਸਾਏ ਅਨੁਸਾਰ ਨਿਯਮਾਂ ਅਤੇ ਸ਼ਰਤਾਂ ਨੂੰ ਸਵੀਕਾਰ ਕਰਦੇ ਹਾਂ

| ਕੇਂਦਰ ਦਾ ਨਾਮ ਅਤੇ ਆਈਡੀ | ਸ਼ਾਖਾ ਦਾ ਨਾਮ ਅਤੇ ਆਈਡੀ |
|---|---|
| | |

| Member Name & ID सदस्याचे नाव आणि आयडी |
|---|
| |
| |



Equitas Small Finance Bank Limited
No.769, Spencer Plaza, 4th Floor, Phase II, Anna Salai, Chennai-600 002 Tel:044-42995000, Fax: 044 42995050
Toll Free:1800 3000 3030 CIN No.U65191TN1993PLC025280

ApplicationFileNo :

## ਲੋਨ ਸਮਝੌਤਾ

| ਸ਼ਾਖਾ ਦੀ ਆਈਡੀ | ਕੇਂਦਰ ਦੀ ਆਈਡੀ |
|---|---|
| ਸ਼ਾਖਾ ਦਾ ਨਾਮ | ਕੇਂਦਰ ਦਾ ਨਾਮ |

| ਕ੍ਰਮ ਨੰਬ ਰ | ਮੈਂਬਰ ਦਾ ਨਾਮ | ਮੈਂਬਰ ਦੀ ਆਈ ਡੀ | ਲੋਨ ਦੀ ਕਿਸਮ | ਲੋਨ ਰਾਸ਼ੀ (ਰੁਪਏ ਵਿੱਚ) | ਵਿਆਜ ਦੀ ਦਰ ( % ) | ਕਿਸ਼ਤ ਰਾਸ਼ੀ (ਰੁਪਏ ਵਿੱਚ) | ਲੋਨ ਚੱਕਰ | ਮੁੜ-ਅਦਾਇਗੀ ਵਾਰਵਾਰਤਾ | ਮਿਆਦ | ਪ੍ਰੋਸੈਸਿੰਗ ਫ਼ੀਸ % ਅਤੇ ਰਾਸ਼ੀ (ਰੁਪਏ ਵਿੱਚ) | ਕ੍ਰੈਡਿਟ ਸ਼ੀਲਡ ਇੰਸ਼ੋਰੈਂਸ ਪ੍ਰੀਮੀਅਮ (ਰੁਪਏ ਵਿੱਚ) | ਚੁਣਿਆ ਗਿਆ ਕੋਈ ਹੋਰ ਇੰਸ਼ੋਰੈਂਸ (ਰੁਪਏ ਵਿੱਚ) | ਪੁਰਾਣੀ ਲੋਨ ਓਐਸ ਕਟੌਤੀ ਜੇ ਕੋਈ ਹੋਈ ਹੈ | ਵੰਡੀ ਗਈ ਮੂਲ ਰਾਸ਼ੀ (ਰੁਪਏ ਵਚਿੱ) | ਵੰਡ ਦੀ ਮਿਤੀ | ਪਹਿਲੀ ਕਲੈਕਸ਼ਨ ਦੀ ਮਿਤੀ /ਦਿਨ/ ਸਮਾਂ |
|---|---|---|---|---|---|---|---|---|---|---|---|---|---|---|---|---|
| | | | | | | | | | | | | | | | | |



Equitas Small Finance Bank Limited
No.769, Spencer Plaza, 4th Floor, Phase II, Anna Salai, Chennai-600 002 Tel:044-42995000, Fax: 044 42995050
Toll Free:1800 3000 3030 CIN No.U65191TN1993PLC025280

Equitas Small Finance Bank

ApplicationFileNo :

- ਤੁਹਾਡੇ ਕੋਲ ਲੋਨ ਲਈ ਮੇਰੀ/ਸਾਡੀ ਵਿਅਕਤੀਗਤ ਅਰਜ਼ੀ/ਅਰਜ਼ੀਆਂ ਦੇ ਸੰਦਰਭ ਨਾਲ, ਇਕੁਇਟੀਸ ਸਮਾਲ ਫਾਇਨੈਂਸ ਬੈਂਕ ਲਿਮਟਿਡ, ਮੈਂ/ਅਸੀਂ ਉਪਰੋਕਤ ਅਤੇ ਹੇਠਾਂ ਦਰਸਾਈਆਂ ਮਨਜ਼ੂਰੀ ਦੀਆਂ ਸ਼ਰਤਾਂ ਵਿੱਚ ਦਰਸਾਏ ਅਨੁਸਾਰ ਨਿਯਮਾਂ ਅਤੇ ਸ਼ਰਤਾਂ ਨੂੰ ਸਵੀਕਾਰ ਕਰਦੇ ਹਾਂ :
- ਜੇ ਮੈਂ/ਅਸੀਂ ਕਿਸੇ ਹੋਰ ਥਾਂ 'ਤੇ ਰਹਿਣ ਲਈ ਚਲੇ ਜਾਂਦੇ ਹਾਂ, ਤਾਂ ਜਾਣ ਤੋਂ ਪਹਿਲਾਂ ਮੈਂ/ਅਸੀਂ ਲੋਨ ਖਾਤਾ ਬੰਦ ਕਰ ਦੇਵਾਂਗੇ।
- ਜੇ ਕਿਸੇ ਸਥਿਤੀ ਵਿੱਚ ਗਰੁੱਪ ਦਾ ਕੋਈ ਮੈਂਬਰ ਆਪਣੀ ਕਿਸ਼ਤ ਦੇਣ ਵਿੱਚ ਅਸਮਰਥ ਹੈ, ਤਾਂ ਮੈਂ/ਅਸੀਂ ਇਸ ਗੱਲ ਤੋਂ ਜਾਣੂ ਹਾਂ ਕਿ ਮੇਰੇ ਸਮੇਤ ਹੋਰ ਮੈਂਬਰ, ਉਸ ਵੱਲੋਂ, ਭੁਗਤਾਨ ਦੀ ਅਦਾਇਗੀ ਕਰਨਗੇ, ਕਿਉਂਕਿ ਲੋਨ ਸੰਯੁਕਤ ਜ਼ਿੰਮੇਵਾਰੀ ਗਰੁੱਪ ਸਕੀਮ ਤਹਿਤ ਦਿੱਤਾ ਗਿਆ ਸੀ। ਇਸ ਸਮਝੌਤੇ ਅਧੀਨ ਗਰੁੱਪ ਤਹਿਤ ਕਿਸੇ ਹੋਰ ਮੈਂਬਰ ਲਈ ਮੇਰੇ ਵੱਲੋਂ ਕੀਤੇ ਭੁਗਤਾਨ ਲਈ ਬੈਂਕ ਜਵਾਬਦੇਹ ਜਾਂ ਜ਼ਿੰਮੇਵਾਰ ਨਹੀਂ ਹੋਵੇਗਾ।
- ਮੈਂ/ਅਸੀਂ ਸਮਝਦੇ ਹਾਂ ਕਿ ਮਨਜ਼ੂਰੀ ਮੇਰੇ/ਸਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਧਾਰ 'ਤੇ ਦਿੱਤੀ ਗਈ ਹੈ ਅਤੇ ਮੈਂ/ਅਸੀਂ ਵਿਸ਼ਵਾਸ਼ ਦਿਵਾਉਂਦੇ ਹਾਂ ਕਿ ਮੇਰੇ/ਸਾਡੇ ਦੁਆਰਾ ਬੈਂਕ ਨੂੰ ਸਹੀ ਜਾਣਕਾਰੀ ਦਿੱਤੀ ਗਈ ਹੈ। ਮੈਂ/ਅਸੀਂ ਇਹ ਵੀ ਐਲਾਨ ਕਰਦੇ ਹਾਂ ਕਿ ਮੇਰਾ/ਸਾਡਾ ਨਾਮ ਰਿਣਦਾਤਾ ਦੀ ਕਿਸੇ ਵੀ ਅਪਰਾਧ ਸੂਚੀ ਵਿੱਚ ਨਹੀਂ ਹੈ ਨਾਂ ਹੀ ਕ੍ਰੈਡਿਟ ਬਿਓਰੋ ਦੀਆਂ ਰਿਪੋਰਟਾਂ ਵਿੱਚ ਦਰਸਾਇਆ ਗਿਆ ਹੈ।
- ਮੈਂ/ਅਸੀਂ ਬੈਂਕ ਨੂੰ ਮੇਰੀ/ਸਾਡੀ ਜਾਣਕਾਰੀ ਨੂੰ ਕ੍ਰੈਡਿਟ ਬਿਓਰਾਂ, ਰੈਗੂਲੇਟਰਾਂ, ਕਨੂੰਨੀ ਸੰਸਥਾਵਾਂ ਨਾਲ ਸਾਂਝਾ ਕਰਨ ਲਈ ਅਧਿਕਾਰਤ ਕਰਦੇ ਹਾਂ, ਮੈਂ/ਅਸੀਂ ਮੇਰੇ ਲੋਨ ਨੂੰ ਦੂਜੀਆਂ ਏਜੰਸੀਆਂ/ ਇਕਾਈਆਂ ਜਿਨ੍ਹਾਂ ਨੂੰ ਵੀ ਬੈਂਕ ਦੁਆਰਾ ਤਹਿ ਕੀਤਾ ਜਾਵੇ ਅਤੇ ਲੋਨ ਨਾਲ ਜੁੜੀ ਇੰਸ਼ੋਰੈਂਸ ਪਾਲਿਸੀ ਨੂੰ ਵੇਚਣ/ਟ੍ਰਾਂਸਫ਼ਰ ਕਰਨ/ ਸੌਂਪਣ ਲਈ ਵੀ ਬੈਂਕ ਨੂੰ ਅਧਿਕਾਰਤ ਕਰਦੇ ਹਾਂ।
- ਮੈਂ/ਅਸੀਂ ਮੇਰੇ/ਸਾਡੇ ਲਈ ਕ੍ਰੈਡਿਟ ਸ਼ੀਲਡ ਇੰਸ਼ੋਰੈਂਸ ਕਵਰ ਲਈ ਮੇਰੀ/ਸਾਡੀ ਮਨਜ਼ੂਰੀ ਦਿੰਦੇ ਹਾਂ, ਜਿਹੜੀ ਉਸ ਵਿਅਕਤੀ 'ਤੇ ਨਿਰਭਰ ਕਰਦੀ ਹੈ ਜਿਸਨੇ ਬੈਂਕ ਤੋਂ ਲਏ ਗਏ ਲੋਨ ਦੀ ਸੀਮਾ ਤੱਕ ਲੋਨ ਨੂੰ ਵਾਪਸ ਕਰਨ, ਅਤੇ ਬੈਂਕ ਦੇ ਹੱਕ ਵਿੱਚ ਇੰਸ਼ੋਰੈਂਸ ਪਾਲਿਸੀ ਦੇਣ ਦੀ ਸਹਿਮਤੀ ਦਿੱਤੀ ਸੀ। ਬੈਂਕ ਦੁਆਰਾ ਮੇਰੇ/ਸਾਡੇ ਲਈ ਇੰਸ਼ੋਰੈਂਸ ਅਤੇ ਕਵਰ ਕੀਤੀ ਰਕਮ ਦੇ ਸੰਖੇਪਾਂ ਅਤੇ ਵੇਰਵਿਆਂ ਦੀ ਵਿਆਖਿਆ ਕੀਤੀ ਗਈ ਹੈ ਅਤੇ ਮੈਂ ਇਸ ਨਾਲ ਸਹਿਮਤ ਹਾਂ।
- ਮੈਂ /ਅਸੀਂ ਬੈਂਕ ਦੁਆਰਾ ਇੰਸ਼ੋਰੈਂਸ ਕੰਪਨੀ ਤੋਂ ਉਸਦੀ ਪਸੰਦ ਦੀ ਕ੍ਰੈਡਿਟ ਸ਼ੀਲਡ ਇੰਸ਼ੋਰੈਂਸ ਦਾ ਪ੍ਰਬੰਧ ਕਰਨ ਲਈ ਵੀ ਸਹਿਮਤ ਹਾਂ, ਹਾਲਾਂਕਿ ਬੈਂਕ ਦੀ ਇਸਦੇ ਵਿਰੁੱਧ ਕੋਈ ਜ਼ਿੰਮੇਵਾਰੀ ਜਾਂ ਜਵਾਬਦੇਹੀ ਨਹੀਂ ਹੋਵੇਗੀ।
- ਕ੍ਰੈਡਿਟ ਸ਼ੀਲਡ ਪਾਲਿਸੀ ਅਧੀਨ ਬੀਮਾਯੁਕਤ ਵਿਅਕਤੀ ਦੀ ਮੌਤ ਹੋਣ ਦੀ ਸਥਿਤੀ ਵਿੱਚ, ਬੈਂਕ ਦਾਅਵੇ ਦੀ ਰਕਮ ਤੋਂ ਬਕਾਇਆ ਲੋਨ ਦੀ ਰਕਮ ਨੂੰ ਵਿਵਸਥਿਤ ਕਰੇਗਾ ਬਸ਼ਰਤੇ ਬੀਮਾ ਕੰਪਨੀ ਦੁਆਰਾ ਦਾਅਵੇ ਦੀ ਆਗਿਆ ਦਿੱਤੀ ਗਈ ਹੋਵੇ ਅਤੇ ਬਕਾਇਆ, ਜੇ ਕੋਈ ਹੈ, ਕ੍ਰੈਡਿਟ ਸ਼ੀਲਡ ਬੀਮਾ ਪਾਲਿਸੀ / ਐਪਲੀਕੇਸ਼ਨ ਅਧੀਨ ਨਾਮਜ਼ਦ ਵਿਅਕਤੀ ਨੂੰ ਦਿੱਤਾ ਜਾਵੇਗਾ।
- ਮੈਂ/ਅਸੀਂ ਖਾਤਾ ਖੋਲ੍ਹਣ ਲਈ/ਬੈਂਕ ਤੋਂ ਲੋਨ ਦੀ ਸਹੂਲਤ ਲੈਣ ਲਈ ਸਵੈ-ਇੱਛਾ ਨਾਲ ਮੇਰੇ/ਸਾਡੇ ਅਧਾਰ ਦੇ ਵੇਰਵੇ ਪ੍ਰਦਾਨ ਕੀਤੇ ਹਨ। ਮੈਂ/ਅਸੀਂ ਬੈਂਕ ਨੂੰ ਬਾਇਓਮੈਟ੍ਰਿਕ ਪ੍ਰਮਾਣੀਕਰਣ, ਓਟੀਪੀ ਜਾਂ ਈ-ਕੇਵਾਈਸੀ ਦੀ ਪ੍ਰਕਿਰਿਆ ਦੁਆਰਾ ਯੂਆਈਡੀਏਆਈ ਤੋਂ ਮੇਰੀ/ਸਾਡੀ ਜਾਣਕਾਰੀ ਪ੍ਰਾਪਤ ਕਰਨ ਲਈ ਅਧਿਕਾਰਤ ਕਰਦੇ ਹਾਂ। ਮੈਂ/ਅਸੀਂ ਯੂਆਈਡੀਏਆਈ ਨੂੰ ਮੇਰੀ/ਸਾਡੀ ਵਿਅਕਤੀਗਤ ਜਾਣਕਾਰੀ ਸਾਂਝੀ ਕਰਨ ਲਈ ਅਧਿਕਾਰਤ ਕਰਦੇ ਹਾਂ।
- ਮੇਰੇ/ ਸਾਡੇ ਦੁਆਰਾ, ਵਧੀਕ ਆਮਦਨੀ ਉਤਪਾਦਨ ਲੋਨ (ਏਆਈਜੀਐਲ) ਦਾ ਲਾਭ ਲੈਣ ਦੀ ਸਥਿਤੀ ਵਿਚ, ਮੈਂ/ਅਸੀਂ ਇੱਥੇ ਪੱਕਾ ਕਰਦੇ ਹਾਂ ਕਿ ਇਹ ਉਸੇ ਉਦੇਸ਼ ਲਈ ਵਰਤਿਆ ਜਾਵੇਗਾ ਜਿਸ ਲਈ ਮੈਂ/ਅਸੀਂ ਪਹਿਲਾਂ ਆਈਜੀਐਲ ਲਿਆ ਹੈ। ਮੈਂ/ਅਸੀਂ, ਸਿਹਤਮੰਦ ਹਾਂ ਅਤੇ ਮੈਂ/ਅਸੀਂ ਆਪਣੇ ਪ੍ਰਾਇਮਰੀ ਲੋਨ (ਆਈਜੀਐਲ) ਵਿਚ ਘੋਸ਼ਿਤ ਨਾਮਜ਼ਦ ਵਿਅਕਤੀ ਨਾਲ ਜਾਰੀ ਰੱਖਣ ਦਾ ਅਧਿਕਾਰ ਦਿੰਦਾ ਹਾਂ"
- ਮੈਂ/ਅਸੀਂ ਤੁਹਾਡੇ ਰਾਹੀਂ ਹੋਸਪਿਟਲ ਡੇਲੀ ਕੈਸ਼ (ਐਚਡੀਸੀ) ਦਾ ਲਾਭ ਲੈਣਾ ਚਾਹਾਂਗੇ ਅਤੇ ਇਸ ਲਈ ਮੈਂ/ਅਸੀਂ ਡਿਜ਼ੀਟਲ ਐਪਲੀਕੇਸ਼ਨ ਫ਼ਾਰਮ ਰਾਹੀਂ ਮਨਜ਼ੂਰੀ ਦਿੱਤੀ ਹੈ। ਮੈਂ/ਅਸੀਂ ਬੈਂਕ ਨੂੰ ਲੋਨ ਦੀ ਰਕਮ ਵਿੱਚੋਂ ਪ੍ਰੀਮੀਅਮ ਦੀ ਕਟੌਤੀ ਕਰਨ ਲਈ ਵੀ ਅਧਿਕਾਰਤ ਕਰਦੇ ਹਾਂ ਅਤੇ ਬਕਾਏ ਨੂੰ ਐਪਲੀਕੇਸ਼ਨ ਫ਼ਾਰਮ ਵਿੱਚ ਦਿੱਤੇ ਬੈਂਕ ਖਾਤੇ ਵਿੱਚ ਵੰਡਿਆ ਜਾਵੇਗਾ।
- ਮੈਂ/ਅਸੀਂ ਤੁਹਾਡੇ ਰਾਹੀਂ ਨਿੱਜੀ ਦੁਰਘਟਨਾ ਕਵਰ (ਪੀਏਸੀ) ਦਾ ਲਾਭ ਲੈਣਾ ਚਾਹਾਂਗੇ ਅਤੇ ਇਸ ਲਈ ਮੈਂ/ਅਸੀਂ ਡਿਜ਼ੀਟਲ ਐਪਲੀਕੇਸ਼ਨ ਫ਼ਾਰਮ ਰਾਹੀਂ ਮਨਜ਼ੂਰੀ ਦਿੱਤੀ ਹੈ। ਮੈਂ/ਅਸੀਂ ਤੁਹਾਨੂੰ ਲੋਨ ਦੀ ਰਕਮ ਵਿੱਚੋਂ ਪ੍ਰੀਮੀਅਮ ਦੀ ਕਟੌਤੀ ਕਰਨ ਲਈ ਵੀ ਅਧਿਕਾਰਤ ਕਰਦੇ ਹਾਂ ਅਤੇ ਬਕਾਏ ਨੂੰ ਐਪਲੀਕੇਸ਼ਨ ਫ਼ਾਰਮ ਵਿੱਚ ਦਿੱਤੇ ਬੈਂਕ ਖਾਤਾ ਨੰਬਰ ਵਿੱਚ ਵੰਡਿਆ ਜਾਵੇਗਾ।
- ਮੈਨੂੰ/ਸਾਨੂੰ ਸਭ ਕੁਝ ਚੰਗੀ ਤਰ੍ਹਾਂ ਸਮਝਾਇਆ ਵੀ ਗਿਆ ਅਤੇ ਮੈਂ/ਅਸੀਂ ਪੂਰੀ ਸਥਿਤੀ ਨੂੰ ਸਮਝਣ ਤੋਂ ਬਾਅਦ, ਬੈਂਕ ਨੂੰ ਮੇਰੇ/ਸਾਡੇ ਦੁਆਰਾ ਡਿਜ਼ੀਟਲ ਫਾਰਮਾਂ ਜਿਵੇਂ ਕਿ ਨਾਮ ਘੋਸ਼ਣਾ, ਫ਼ਾਰਮ 60, ਐਫਏਟੀਸੀਏ ਐਲਾਨਨਾਮਾ, ਮੈਂਬਰ ਜਾਣਕਾਰੀ ਫਾਰਮ, ਆਰਡੀ, ਹੋਸਪੀ-ਕੈਸ਼, ਪੀਏਸੀ ਆਦਿ ਵਰਗੇ ਉਤਪਾਦਾਂ ਲਈ ਅਰਜ਼ੀ ਫਾਰਮ, ਜੋ ਸਮੇਂ-ਸਮੇਂ 'ਤੇ ਲਾਗੂ ਹੋਣ, 'ਤੇ ਦਿੱਤੇ ਮੇਰੇ/ਸਾਡੇ ਹਸਤਾਖਰ ਜਾਂ ਅੰਗੂਠੇ ਦੇ ਨਿਸ਼ਾਨ ਨੂੰ ਵਰਤਣ ਦੀ ਸਹਿਮਤੀ ਦਿੰਦਾ ਹਾਂ। ਅਜਿਹੀ ਸਥਿਤੀ ਵਿੱਚ, ਅਜਿਹੇ ਡਿਜੀਟਾਇਜ਼ਡ ਫਾਰਮਾਂ ਨੂੰ ਮੇਰੇ/ਸਾਡੇ ਦੁਆਰਾ ਲਾਗੂ ਕੀਤਾ ਸਮਝਿਆ ਜਾਵੇਗਾ ਅਤੇ ਮੈਂ/ਅਸੀਂ ਇਸ ਸੰਬੰਧੀ ਕੋਈ ਵਿਵਾਦ ਨਹੀਂ ਕਰਾਂਗੇ।
- ਮੈ/ਅਸੀਂ ਬੈਂਕ ਨੂੰ ਸਾਡੇ ਨਾਲ ਕਰਜ਼ਿਆਂ, ਪੇਸ਼ਕਸ਼ਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਜਾਂ ਬੈਂਕ ਕੋਲ ਉਪਲਬਧ ਕਿਸੇ ਹੋਰ ਉਤਪਾਦ ਸੰਬੰਧੀ ਸੰਚਾਰ ਲਈ ਡਾਕ ਦੁਆਰਾ, ਨਿੱਜੀ ਤੌਰ 'ਤੇ, ਆਖਰੀ ਗਿਆਤ ਪਤੇ 'ਤੇ ਐਸਐਮਐਸ ਜਾਂ ਈਮੇਲ ਕਰਕੇ, ਮੋਬਾਈਲ ਨੰਬਰ ਜਾਂ ਈਮੇਲ ਪਤੇ ਰਾਹੀਂ, ਜੋ ਵੀ ਬੈਂਕ ਕੋਲ ਉਪਲਬਧ ਹੋਵੇ ਅਤੇ ਲਾਗੂ ਹੁੰਦਾ ਹੋਵੇ, ਸੰਚਾਰ ਕਰਨ ਲਈ ਅਧਿਕਾਰਤ ਕਰਦੇ ਹਾਂ। ਇਹ ਇਖ਼ਤਿਆਰ ਮੇਰੇ/ਸਾਡੇ ਦੁਆਰਾ "ਕਾਲ ਨਾ ਕਰੋ ਰਜਿਸਟਰੀ" ਦੇ ਅਧੀਨ ਕੀਤੇ ਗਏ ਕਿਸੇ ਰਜਿਸਟ੍ਰੇਸ਼ਨ ਦੇ ਬਾਵਜੂਦ ਚੰਗਾ ਰਹੇਗਾ।

ਮੈਨੂੰ/ਸਾਨੂੰ ਲੋਨ ਦੇ ਨਿਯਮ ਅਤੇ ਸ਼ਰਤਾਂ ਸਮਝਾਈਆਂ ਗਈਆਂ ਅਤੇ ਮੈਂ/ਅਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਬਾਅਦ ਮੇਰੇ/ਸਾਡੇ ਅੰਗੂਠੇ ਦਾ ਨਿਸ਼ਾਨ ਲਗਾਇਆ ਹੈ। ਮੈਂ/ਅਸੀਂ ਹੇਠਾਂ ਦਿੱਤੀ ਸਾਰਨੀ ਵਿੱਚ ਦਰਸਾਏ ਗਏ ਭੁਗਤਾਨਯੋਗ ਲੋਨ ਦੇ ਨਾਲ ਵਿਆਜ ਦਰ ਦੀ ਰਸੀਦ ਦੀ ਪ੍ਰਾਪਤੀ ਨੂੰ ਸਵੀਕਾਰ ਕਰਦੇ ਹਾਂ ਅਤੇ ਹੇਠਾਂ ਦਿੱਤੀ ਸਾਰਨੀ ਵਿੱਚ ਦਿੱਤੀ ਗਈ ਲੋਨ ਦੀ ਰਕਮ, ਦਰਸਾਏ ਗਏ ਭੁਗਤਾਨਯੋਗ ਬਕਾਏ ਦੀ ਪ੍ਰਤੀ ਸਾਲ ਵਿਆਜ ਦੇ ਨਾਲ, ਇਕੁਇਟੀਸ ਸਮਾਲ ਫਾਇਨੈਂਸ ਬੈਂਕ ਜਾਂ ਇਸਦੇ ਪ੍ਰਤੀਨਿਧੀਆਂ ਨੂੰ ਸੰਯੁਕਤ ਅਤੇ ਨਿਸ਼ਚਿਤ ਤੌਰ 'ਤੇ ਦੇਣ ਦਾ ਵਾਅਦਾ ਕਰਦੇ ਹਾਂ। ਭੁਗਤਾਨਯੋਗ ਸਾਰੀ ਮੂਲ ਰਾਸ਼ੀ; ਅਤੇ ਕੋਈ ਵੀ ਅਰਜਿਤ ਵਿਆਜ ਇਸਦੇ ਕਿਸੇ ਵੀ ਧਾਰਕ ਦੀ ਮੰਗ 'ਤੇ ਪੂਰੀ ਤਰ੍ਹਾਂ ਅਤੇ ਤੁਰੰਤ ਭੁਗਤਾਨਯੋਗ ਹੋਵੇਗਾ।



Equitas Small Finance Bank Limited
No.769, Spencer Plaza, 4th Floor, Phase II, Anna Salai, Chennai-600 002 Tel:044-42995000, Fax: 044 42995050
Toll Free:1800 3000 3030 CIN No.U65191TN1993PLC025280

ApplicationFileNo :

| ਗਾਹਕ ਦਾ ਨਾਮ | ਪਿਤਾ/ ਪਤੀ-ਪਤਨੀ ਦਾ ਨਾਮ | ਲੋਨ ਰਾਸ਼ੀ (ਨੰਬਰ ਅਤੇ ਸ਼ਬਦਾਂ ਵਿੱਚ) | ਵਿਆਜ ਦੀ ਦਰ (%) | ਖਾਤਾ ਨੰਬਰ ਅਤੇ ਆਈਐਫਐਸਸੀ ਕੋਡ | ਬੈਂਕ ਅਤੇ ਸ਼ਾਖਾ | ਕਰਜ਼ੇ ਦੀ ਅੰਤਿਮ ਵਰਤੋਂ | ਅਧਿਕ੍ਰਿਤ ਜ਼ਮੀਨ ਦੇ ਵੇਰਵੇ | ਮਾਲੀਆ ਮੋਹਰ 'ਤੇ ਗਾਹਕ ਦੇ ਹਸਤਾਖਰ |
|---|---|---|---|---|---|---|---|---|
| | | | | | | | | |



Equitas Small Finance Bank Limited
No.769, Spencer Plaza, 4th Floor, Phase II, Anna Salai, Chennai-600 002 Tel:044-42995000, Fax: 044 42995050
Toll Free:1800 3000 3030 CIN No.U65191TN1993PLC025280